# ਲੈਵ ਵਾਈਗੋਸਕੀ ਦੀਆਂ ਭਾਸ਼ਾ-ਗ੍ਰਹਿਣ ਸੰਬੰਧੀ ਧਾਰਨਾਵਾਂ

ਇੱਕ ਮਨੋਵਿਗਿਆਨਿਕ ਸੀ ਜਿਸਨੂੰ ਮਨੁੱਖੀ ਸਭਿਆਚਾਰ ਅਤੇ ਜੈਵਿਕ-ਸਮਾਜਿਕ ਵਿਕਾਸ ਦੇ ਸਿਧਾਂਤ ਦਾ ਮੋਢੀ ਕਿਹਾ ਜਾਂਦਾ ਹੈ। ਵਾਈਗੋਸਕੀ ਤੇ ਜੀਨ ਪਿਆਜੇ ਨੇ ਬੱਚੇ ਦੇ ਗਿਆਨਾਤਮਿਕ ਵਿਕਾਸ ਉਪਰ ਆਪਣੇ-ਆਪਣੇ ਸਿਧਾਂਤ (Theoriesy ਦਿੱਤੇ ਹਨ । ਵਾਈਗੋਸਕੀ ਦੇ ਸਿਧਾਂਤ ਨੂੰ ਗਿਆਨਾਤਮਿਕ ਵਿਕਾਸ ਸਮਾਜੀ-ਸਭਿਆਚਾਰਿਕ ਸਿਧਾਂਤ ਕਿਹਾ ਜਾਂਦਾ ਹੈ

ਵਾਈਗੋਸਕੀ ਨੇ ਭਾਸ਼ਾ ਦਾ ਵਿਕਾਸ, ਗ੍ਰਹਿਣਤਾ ਤੇ ਚਿੰਤਨ (Thought) ਦੇ ਸੰਬੰਧਾਂ ਬਾਰੇ ਕਾਫ਼ੀ ਕੰਮ ਕੀਤਾ ਹੈ । ਉਸਦੀਆ ਭਾਸ਼ਾ-ਗ੍ਰਹਿਣਤਾ ਸੰਬੰਧੀ ਹੇਠ ਲਿਖੀਆਂ ਧਾਰਨਾਵਾਂ ਹਨ-

1. ਵਾਈਗੋਸਕੀ ਦਾ ਇਹ ਵਿਚਾਰ ਸੀ ਕਿ ਭਾਸ਼ਾ ਸੰਕੇਤਕ ਚਿੱਤਰਨ ਦੀ ਇੱਕ ਵਿਵਸਥਾ ਹੈ ਜਿਸਨੂੰ ਪਹਿਲੀਆਂ ਕਈ ਪੀੜ੍ਹੀਆਂ ਨੇ ਉੱਨਤ ਤੇ ਸੰਪੂਰਨ ਕੀਤਾ ਹੈ । ਇਸਨੇ ਬੱਚੇ ਲਈ ਅਮੂਰਤ (Abstract) ਸੰਸਾਰ ਸੰਭਵ ਬਣਾਇਆ ਹੈ ।

2.ਵਾਈਗੋਸਕੀ ਲਈ ਭਾਸ਼ਾ ਉਹ ਚੀਜ਼ ਹੈ ਜੋ ਚਿੰਤਨ ਨੂੰ ਸੰਭਵ ਬਣਾਉਂਦੀ ਹੈ ।

3. ਭਾਸ਼ਾ, ਵਾਈਗੋਸਕੀ ਅਨੁਸਾਰ ਤਿੰਨ ਵੱਖ-ਵੱਖ ਵਰਗਾਂ ਵਿੱਚੋਂ ਆਉਂਦੀ ਹੈ ਜੋ ਹਨ- ਸਮਾਜਿਕ, ਨਿੱਜ-ਕੇਂਦਰਿਤ (Ego-Centric) 3 misfaa (Inner) |

4. ਭਾਸ਼ਾ ਦਾ ਵਿਕਾਸ ਤੇ ਚਿੰਤਨ (Development of Language and Thought): ਵਾਈਗੋਸਕੀ ਨੇ ਭਾਸ਼ਾ ਦੇ ਵਿਕਾਸ ਅਤੇ ਚਿੰਤਨ ਵਿਚਲੇ ਸੰਬੰਧਾ ਉਤੇ ਵੀ ਕੰਮ ਕੀਤਾ ਹੈ । ਉਸਨੇ ਵਾਣੀ (Speech) ਤੇ ਮਾਨਸਿਕ ਨੇ ਭਾਸ਼ਾ ਦੇ ਵਿਕਾਸ ਅਤੇ ਚਿੰਤਨ ਵਿਚਲੇ ਸੰਬੰਧਾ ਉਤੇ ਵੀ ਕੰਮ ਕੀਤਾ ਹੈ । ਉਸਨੇ ਵਾਣੀ (Speech) ਤੇ ਮਾਨਸਿਕ ਸੰਕਲਪਾਂ ਦੇ ਵਿਕਾਸ ਅਤੇ ਗਿਆਨਾਤਮਿਕ ਜਾਗਰੂਪਤਾ ਵਿਚਕਾਰ ਸੰਬੰਧਾਂ ਦੀ ਪੁਸ਼ਟੀ ਕੀਤੀ ਹੈ।

(i) **<u>ਦੋ ਪ੍ਰਕਾਰ ਦੀ ਵਾਣੀ (Two Kinds of Speech)-</u>** ਵਾਣੀ ਵਿੱਚ ਆਂਤਰਿਕ ਮੰਨ ਵਾਣੀ ਤੇ ਸ਼ਾਬਦਿਕ ਭਾਸ਼ਾ, ਦੋਨੋਂ ਹੀ ਸ਼ਾਮਿਲ ਹਨ । ਵਾਈਗੋਸਕੀ ਅਨੁਸਾਰ, ਆਂਤਰਿਕ ਵਾਣੀ (Inner Speech), ਗੁਣਾਤਮਿਕ ਰੂਪ ਵਿੱਚ ਬਾਹਰੀ ਵਾਣੀ (External or Normal Speech) ਤੋਂ ਭਿੰਨ ਹੁੰਦੀ ਹੈ । ਆਮ ਕਰਕੇ, ਛੋਟਾ ਬੱਚਾ ਚਿੰਨ੍ਹਾਂ ਆਦਿ ਦੇ ਅਰਥ ਅੰਤਰਕਿਰਿਆ ਦੁਆਰਾ ਸਿੱਖਦਾ ਹੈ, ਜਿਵੇਂ- ਚੀਕ-ਚਹਾੜੇ ਜਾਂ ਆਪ-ਮੁਹਾਰੇ ਬੋਲਣਾ ਆਦਿ ਦੁਆਰਾ ਉਹ ਇਹ ਪ੍ਰਗਟ ਕਰਦਾ ਹੈ ਕਿ ਉਹ ਕੀ ਚਾਹੁੰਦਾ ਹੈ । ਸ਼ਾਬਦਿਕ ਧੁਨੀਆਂ ਦਾ ਪ੍ਰਯੋਗ ਸਮਾਜਿਕ ਅੰਤਰਕਿਰਿਆਵਾਂ ਦੇ ਸੰਚਾਲਨ ਲਈ, ਇਨ੍ਹਾਂ ਕਿਰਿਆਵਾਂ ਦੁਆਰਾ ਸਿੱਖਿਆ ਜਾਂਦਾ ਹੈ ।ਪ੍ਰਯੋਗ ਸਮਾਜਿਕ ਅੰਤਰਕਿਰਿਆਵਾਂ ਦੇ ਸੰਚਾਲਨ ਲਈ, ਇਨ੍ਹਾਂ ਕਿਰਿਆਵਾਂ ਦੁਆਰਾ ਸਿੱਖਿਆ ਜਾਂਦਾ ਹੈ ।

(i) <u>**ਭਾਸ਼ਾ ਇੱਕ ਉਪਰਕਨ**</u>: ਸਮਾਜਿਕ ਅੰਤਰਕਿਰਿਆ ਲਈ ਭਾਸ਼ਾ ਨੂੰ ਇੱਕ ਉਪਕਰਨ ਦੇ ਰੂਪ ਵਿੱਚ ਯੋਗ ਕੀਤਾ ਜਾਂਦਾ ਹੈ। ਬੱਚਾ ਇਸ ਉਪਕਰਨ ਦੇ ਪ੍ਰਯੋਗ ਦੁਆਰਾ ਵਿਅਕਤੀਗਤ ਵਿਵਹਾਰ ਨੂੰ ਦਿਸ਼ਾ ਪ੍ਰਦਾਨ ਕਰਦਾ ਹੈ । ਇਹ ਪ੍ਰਯੋਗ ਤੇਹ ਸਵੈ-ਵਾਰਤਾ (Self Regulated) ਵਿਵਹਾਰ ਲਈ ਕਰਨ ਲੱਗ ਪੈਂਦਾ ਹੈ। ਸਕੂਲ ਦੀ ਆਯੂ ਦੇ ਸਮੇਂ, ਸਵੈ-ਵਾਰਤਾ ਉਪਸਥਿਤ ਨਹੀਂ ਹੁੰਦੀ । ਅੰਤ ਵਿੱਚ ਸਵੈ-ਵਾਰਤਾ, ਆਂਤਰਿਕ ਵਾਣੀ (Inner Speech) ਦਾ ਰੂਪ ਲੈ ਲੈਂਦੀ ਹੈ ।

(ੳ) **ਸਮਾਜਿਕ ਸੰਚਾਰ** (Social Communication)

(ਅ) **ਆਂਤਰਿਕ ਵਾਣੀ** (Inner Speech) ਬੱਚੇ ਦੀ ਕਿਰਿਆ ਵਿਚਾਰਾਂ ਦੁਆਰਾ ਨਿਯਮਿਤ ਹੁੰਦੀ ਹੈ । ਪਰੰਤੂ ਇਸ ਦਾ ਇਹ ਅਰਥ ਨਹੀਂ ਕਿ ਚਿੰਤਨ ਭਾਸ਼ਾ ਦੇ ਤਨਾ ਨਹੀਂ ਹੋ ਸਕਦਾ ।

(v) <u>**ਅੰਤਰੀਕਰਨ ਨਹੀਂ (No Internalization):**</u> ਵਾਈਗੋਸਕੀ ਦੇ ਵਿਚਾਰ ਅਨੁਸਾਰ, ਆਂਤਰਿਕ ਵਾਣੀ __ ਬਾਹਰੀ ਵਾਣੀ ਨਾਲ ਅੰਤਰੀਕਰਨ ਨਹੀਂ ਕੀਤਾ ਜਾ ਸਕਦਾ । ਬਾਹਰੀ ਵਾਣੀ, ਵਿਚਾਰਾਂ ਨੂੰ ਸ਼ਬਦਾਂ ਵਿੱਚ ਬਦਲਣ ਦੀ ਕਰਿਆ ਹੈ, ਜਦੋਂ ਕਿ ਆਂਤਰਿਕ ਵਾਣੀ ਇਸਦੇ ਬਿਲਕੁਲ ਉਲਟ ਹੈ । ਇਹ ਵਾਣੀ ਦਾ ਆਂਤਰਿਕ ਸ਼ਬਦਾਂ ਵਿਚ ਰਵਰਤਨ ਹੈ । ਇਸ ਵਿੱਚ ਘੱਟ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ । ਆਂਤਰਿਕ ਵਾਣੀ ਦਾ ਇੱਕ ਸ਼ਬਦ, ਬਾਹਰੀ ਵਾਣੀ ਕਈ ਸ਼ਬਦਾਂ ਦੇ ਬਰਾਬਰ ਹੁੰਦਾ ਹੈ ।

ਵਾਈਗੋਸਕੀ ਦਾ ਸਿਧਾਂਤ ਇਹ ਸੁਝਾਅ ਦਿੰਦਾ ਹੈ ਕਿ ਸਮਾਜਿਕ ਅੰਤਰ ਕਿਰਿਆ ਦੁਆਰਾ ਬੱਚੇ ਦੇ ਚਿੰਤਨ ਅਤੇ ਵਹਾਰ ਵਿੱਚ ਕਦਮ-ਦਰ-ਕਦਮ ਨਿਰੰਤਰ ਪਰਿਵਰਤਨ ਆਉਂਦੇ ਰਹਿੰਦੇ ਹਨ ਜੋ ਇੱਕ ਸੱਭਿਆਚਾਰ ਵਿੱਚ, ਦੂਸਰੇ ਤੁਆਚਾਰ ਨਾਲੋਂ ਵੱਖਰੇ ਹੁੰਦੇ ਹਨ।

(vi) <u>ਸੱਭਿਆਚਾਰਿਕ ਯੰਤਰ (Cultural Tools):</u> ਵਾਈਗੋਸਕੀ ਦਾ ਸਿਧਾਂਤ ਇਹ ਦੱਸਦਾ ਹੈ ਕਿ ਵਿਕਾਸ, ਕਤੀਆਂ ਵਿੱਚ ਆਪਸੀ ਅੰਤਰ ਕਿਰਿਆ ਉਤੇ ਅਤੇ ਉਨ੍ਹਾਂ ਯੰਤਰਾਂ ਉਤੇ, ਜਿਹਨਾਂ ਨੂੰ ਸਭਿਆਚਾਰ ਉਪਲਬਧ ਕਰਾਉਂਦਾ ਨਿਰਭਰ ਕਰਦਾ ਹੈ ।

ਇਹ ਯੰਤਰ, ਇਕ ਵਿਅਕਤੀ ਤੋਂ ਦੂਸਰੇ ਵਿਅਕਤੀ ਤੱਕ ਤਿੰਨ ਢੰਗਾਂ ਦੁਆਰਾ ਪਹੁੰਚਦੇ ਹਨ- ਅਨੁਕਰਨਾ ਸਿੰਘ (Imitative Leaming) ਦੁਆਰਾ, ਅਨੁਦੇਸਿਤ ਸਿੱਖਣ (Instructed Learning) ਅਤੇ ਸਹਿਕਾਰੀ ਸਿੱਖਣ (Collaborative Learning) ਦੁਆਰਾ, ਜਿਸ ਵਿੱਚ ਸਾਥੀਆ ਦੇ ਸਮੂਹ ਇਕੱਠੇ ਮਿਲਕੇ ਕੋਈ ਵਿਸ਼ੇਸ਼ ਕੌਂਸਲ ਸਿੱਖਦੇ ਹਨ ।

ਇਸ ਪ੍ਰਕਾਰ, ਵਾਈਗੋਸਕੀ ਦਾ ਸਿਧਾਂਤ ਸਮਾਜਿਕ ਵਾਤਾਵਰਨ ਤੇ ਗਿਆਨ ਨੂੰ ਮਿਸ਼ਰਿਤ ਕਰਕੇ ਦੇਖਦਾ ਹੈ । ਚਿੰਤਨ ਦੇ ਢੰਗਾ ਅਤੇ ਵਿਵਹਾਰ ਦੇ ਢੰਗਾਂ ਨੂੰ ਅਰਜਿਤ ਕਰਦੇ ਹਨ ਜੋ ਵੱਡੇ ਜਾਂ ਸਿਆਣੇ ਵਿਅਕਤੀ ਨਾਲ ਅੰਤਰਕਿਆ ਕਰਕੇ, ਇੱਕ ਸੱਭਿਆਚਾਰ ਦਾ ਨਿਰਮਾਣ ਕਰਦੇ ਹਨ । ਵਾਈਗੋਸਕੀ ਦਾ ਵਿਸ਼ਵਾਸ ਹੈ ਕਿ ਸਮਾਜਿਕ ਅੰਤਰਕਿਰਿਆ

ਦੁਆਰਾ ਬੱਚੇ ਦੇ ਚਿੰਤਨ ਅਤੇ ਵਿਵਹਾਰ ਵਿਚ ਪਰਿਵਰਤਨ ਜਾਰੀ ਰਹਿੰਦੇ ਹਨ । ਇਹ ਚਿੰਤਨ ਤੇ ਵਿਵਹਾਰ, ਵਿਭਿੰਨ ਸੱਭਿਆਚਾਰਾਂ ਵਿੱਚ ਭਿੰਨ ਹੁੰਦੇ ਹਨ । ਚਿੰਤਨ, ਭਾਸ਼ਾ ਦੁਆਰਾ, ਬਾਹਰੀ ਅਤੇ ਅੰਤਰਿਕ ਦੋਹਾਂ ਦੁਆਰਾ ਪ੍ਰਭਾਵਿਤ ਹੁੰਦਾ ਹੈ

5. **ਚਿੰਤਨ ਦਾ ਆਰੰਭ ਤੇ ਭਾਸ਼ਾ (Origin of Thought and Language)** ਵਾਈਸਰੀ ਨੇ ਇਹ ਸਿਧਾਂਤ ਪ੍ਰਸਥਾਪਿਤ ਕੀਤਾ ਕਿ ਵਿਚਾਰ (ਚਿੰਤਨ) ਅਤੇ ਵਾਣੀ (Speech ) ਮਨੁੱਖੀ ਮਨ ਵਿੱਚ ਭਿੰਨ-ਭਿੰਨ ਨੀਰ ਜਾਂ ਆਧਾਰ (Roots) ਰੱਖਦੇ ਹਨ । ਮੁੱਢਲੀ ਅਵਸਥਾ ਵਿੱਚ ਵਿਚਾਰ, ਅਸਾਬਦਿਕ ਤੇ ਭਾਸ਼ਾ ਗੈਰ-ਬੌਧਿਕ (Non-Intellectual) ਹੁੰਦੀ ਹੈ । ਚਿੰਤਨ ਤੇ ਭਾਸ਼ਾ ਦੀਆਂ ਵਿਕਾਸ ਧਾਰਾਵਾਂ ਇੱਕ ਦੂਸਰੇ ਦੇ ਸਮਾਨੰਤਰ ਨਹੀਂ ਹਨ ਅਤੇ ਇਹ ਵਾਰ-ਵਾਰ ਇਹ ਦੂਸਰੇ ਨੂੰ ਕੱਟਦੀਆਂ ਹਨ। ਬੱਚੇ ਦੇ ਜਨਮ ਤੋਂ ਲੈ ਕੇ 2 ਸਾਲ ਤੱਕ ਦੀ ਉਮਰ ਤੱਕ, ਇਹ ਵਿਕਾਸ ਧਾਰਾਵਾ ਵੱਖ-ਵ ਚੱਲਦੀਆਂ ਹਨ, ਜੋ 2 ਸਾਲ ਦੇ ਅੰਤ ਵਿੱਚ ਜੁੜ ਕੇ ਵਿਵਹਾਰ ਦੇ ਇੱਕ ਨਵੇਂ ਰੂਪ ਦਾ ਆਰੰਭ ਕਰਦੀਆਂ ਹਨ । ਇਹ ਉਹ ਬਿੰਦੂ ਹੈ ਜਿੱਥੇ ਚਿੰਤਨ ਜਾਂ ਵਿਚਾਰ ਸ਼ਾਬਦਿਕ ਅਤੇ ਵਾਣੀ (Speech) ਤਰਕਸ਼ੀਲ ਬਣ ਜਾਂਦੀ ਹੈ । ਸਭ ਤੋਂ ਪਹਿਲਾਂ ਬੱਚਾ ਆਪਣੀ ਭਾਸ਼ਾ ਸਮਾਜਿਕ ਅੰਤਰਕਿਰਿਆ ਦੇ ਹੇਠਲੇ ਪੱਧਰ ਲਈ ਵਰਤਦਾ ਮਹਿਸੂਸ ਹੁੰਦਾ ਹੈ ਪਰੰਤੂ ਅਗਲੇ ਕਿਸੇ ਬਿੰਦੂ ਉੱਤੇ ਭਾਸ਼ਾ ਬੱਚੇ ਦੇ ਚਿੰਤਨ ਦੀ ਸੰਰਚਨਾ ਜਾਂ ਬਣਤਰ ਬਣ ਜਾਂਦੀ ਹੈ।

6**. ਸ਼ਬਦ ਅਰਥ ਤੇ ਸੰਕਲਪ ਨਿਰਮਾਣਤਾ (Word Meaning and Concept Formation)** ਪਹਿਲਾ ਛੋਟੇ ਬੱਚੇ ਨੂੰ ਸ਼ਬਦਾਂ ਦੇ ਅਰਥਾਂ ਆਦਿ ਬਾਰੇ ਕੁਝ ਪਤਾ ਨਹੀਂ ਹੁੰਦਾ ਅਤੇ ਨਾ ਹੀ ਉਸਨੂੰ ਸੰਕਲਪ ਸਪੱਸ਼ਟ ਹੁੰਦੇ ਹਨ । ਜਦੋਂ ਬੱਚਾ ਇਹ ਮਹਿਸੂਸ ਕਰਦਾ ਹੈ ਕਿ ਸੰਸਾਰ ਵਿੱਚ ਹਰੇਕ ਚੀਜ਼ ਦਾ ਕੋਈ ਨਾ ਕੋਈ ਨਾਮ ਹੈ, ਤਾਂ ਜਦੋਂ ਉਸਨੂੰ ਕੋਈ ਨਵੀਂ ਚੀਜ਼ ਪੇਸ਼ ਕੀਤੀ ਜਾਂਦੀ ਹੈ ਤਾਂ ਉਸਨੂੰ ਬਹੁਤ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ । ਉਹ ਕੋਸ਼ਿਸ਼ ਕਰਦਾ ਹੈ ਅਤੇ ਚੀਜ਼ਾ ਦੇ ਆਪ ਨਾਮ ਰੱਖ ਕੇ ਇਹ ਮੁਸ਼ਕਲ ਹੱਲ ਕਰਨ ਦੀ ਕੋਸ਼ਿਸ਼ ਕਰਦਾ ਹੈ । ਪਰੰਤੂ ਜਦੋਂ ਉਹ ਕਿਸੇ ਨਵੀਂ ਚੀਜ਼ (Object) ਦੇ ਨਾਮ ਲਈ ਸ਼ਬਦ ਲੱਭਣ ਤੋਂ ਅਸਮਰੱਥ ਹੋ ਜਾਂਦਾ ਹੈ ਤਾਂ ਉਹ ਇਸ ਬਾਰੇ ਬਾਲਿਗਾਂ ਨੂੰ ਪੁੱਛਦਾ ਹੈ । ਇਹ ਮੁੱਢਲੇ ਸਬਦ-ਅਰਥ, ਜੋ ਬੱਚਾ ਗ੍ਰਹਿਣ ਕਰਦਾ ਹੈ, ਉਸਦੇ ਮਨ ਵਿੱਚ ਸੰਕਲਪ ਦੇ ਨਿਰਮਾਣ ਲਈ ਆਧਾਰਾ ਦਾ ਕੰਮ ਕਰਦੇ ਹਨ ।

7**. ਸਮਾਜਿਕ ਪ੍ਰਤੀਕਾਤਮਕਵਾਦ (Scial Constructivnim)** ਇੱਕ ਸਿੱਖਣ ਸਿਧਾਂਤ ਹੈ ਜੋ ਮਨੋਵਿਗਿਆਨ ਵਿੱਚ ਮਿਲਦਾ ਹੈ ਅਤੇ ਜੋ ਇਹ ਵਿਆਖਿਆ ਕਰਦਾ ਹੈ ਕਿ ਲੋਕ ਕਿਸ ਤਰ੍ਹਾਂ ਗਿਆਨ ਤੇ ਸਿੱਖਣ ਗ੍ਰਹਿਣ ਕਰਦੇ ਹਨ ।

ਵਾਈਸਕੀ ਅਨੁਸਾਰ, ਸਾਰੀਆ ਬੁਨਿਆਦੀ ਗਿਆਨਾਤਮਿਕ ਯੋਗਤਾਵਾਂ, ਸਮਾਜਿਕ ਇਤਿਹਾਸ ਦੀ ਰੋਸ਼ਨੀ ਵਿੱਚ ਵਿਕਾਸ ਕਰਦੀਆਂ ਹਨ ਅਤੇ ਸਮਾਜੀ-ਇਤਿਹਾਸਕ ਵਿਕਾਸ ਦੇ ਨਤੀਜੇ ਵਜੋਂ ਬਣਦੀਆਂ ਹਨ । ਇਸ ਦਾ ਅਰਥ ਇਹ ਹੈ ਕਿ ਗਿਆਨਾਤਮਿਕ ਕੌਂਸਲ ਤੇ ਚਿੰਤਨ ਪੈਟਰਨ, ਮੂਲ ਰੂਪ ਵਿੱਚ ਜਮਾਂਦਰੂ (Innate) ਕਾਰਕਾਂ ਦੁਆਰਾ ਨਿਰਧਾਰਿਤ ਨਹੀਂ ਹੁੰਦੇ, ਸਗੋਂ ਬੱਚੇ ਦੀਆਂ ਕਿਰਿਆਵਾਂ ਦੇ ਨਤੀਜੇ ਹੁੰਦੇ ਹਨ ਜੋ ਉਹ ਸਮਾਜ ਵਿੱਚ ਪ੍ਰੈਕਟਿਸ ਕਰਦਾ ਹੈ

। ਇਸ ਪ੍ਰਕਿਰਿਆ ਵਿੱਚ ਭਾਸ਼ਾ ਇੱਕ ਨਿਰਣਾਕਾਰੀ ਉਪਕਰਨ ਹੁੰਦੀ ਹੈ ਜੋ ਇਹ ਨਿਰਧਾਰਿਤ ਕਰਦੀ ਹੈ ਕਿ ਬੱਚਾ ਚਿੰਤਨ ਕਰਨਾ ਕਿਵੇਂ ਲਿਖੇਗਾ, ਕਿਉਂਕਿ ਅਗਾਂਹਵਧੂ ਵਿਚਾਰ ਜਾ ਨਵੀਨ ਵਿਚਾਰ, ਸ਼ਬਦਾਂ ਦੇ ਮਾਧਿਅਮ ਦੁਆਰਾ ਬੱਚੇ ਕੋਲ ਪਹੁੰਚਦੇ ਹਨ ।

8. **ਚਿੰਤਨ ਤੇ ਭਾਸ਼ਾ ਅਤੇ ਬੌਧਿਕ ਵਿਕਾਸ** (Thought and Language and Intellectual Development) ਦਾਇਰੇਸਕੀ ਦਾ ਵਿਸ਼ਵਾਸ ਸੀ ਕਿ ਬੌਧਿਕ ਵਿਕਾਸ ਨੂੰ ਸਮਝਣ ਲਈ, ਸਾਨੂੰ ਇਹ ਸਮਝਣ ਦੀ ਬਹੁਤ ਲੋੜ ਹੈ ਕਿ ਭਾਸ਼ਾ ਤੇ ਚਿੰਤਨ ਵਿੱਚ ਅੰਤਰੀ ਸੰਬੰਧ ਕੀ ਹੈ । ਭਾਸ਼ਾ ਗਿਆਨ ਦਾ ਸਿਰਫ਼ ਇੱਕ ਪ੍ਰਗਟਾਵਾ ਹੀ ਨਹੀਂ ਹੈ ਜੋ ਬੱਚੇ ਨੇ ਗ੍ਰਹਿਣ ਕੀਤਾ ਹੈ ਪਰੰਤੂ ਚਿੰਤਨ ਤੇ ਵਾਣੀ (Speech) ਵਿਚਲਾ ਇੱਕ ਸਬੰਧ ਹੈ ਜਿਸ ਵਿੱਚ ਹਰੇਕ ਦੂਸਰੇ ਲਈ ਸਰੋਤ ਪ੍ਰਦਾਨ ਕਰਦਾ ਹੈ । ਦੂਸਰੇ ਸ਼ਬਦਾ ਵਿੱਚ ਭਾਸ਼ਾ ਵਿਚਾਰ ਬਣਾਉਣ ਤੇ ਸਖ਼ਸੀਅਤ ਦੀਆਂ ਵਿਸ਼ੇਸ਼ਤਾਵਾਂ ਨਿਰਧਾਰਿਤ ਕਰਨ ਲਈ ਜਰੂਰੀ ਬਣ ਜਾਂਦੀ ਹੈ ।

9. ਵਿਕਾਸ ਦਾ ਨਿਕਟਵਰਤੀ ਖੇਤਰ (Zone of Proximal Development) ਮਾ ਸ਼ਬਦਾਂ ਵਿੱਚ ZPD, ਬੱਚੇ ਦੀ ਆਪਣੇ ਆਪ ਸਮੱਸਿਆਵਾਂ ਹੱਲ ਕਰਨ ਦੀ ਸਮਰੱਥਾ ਅਤੇ ਉਹਨਾਂ ਨੇ ਕਿਸ ਦੀ ਸਹਾਇ ਨਾਲ ਹੱਲ ਕਰਨ ਦੀ ਸਮਰੱਥਾ ਵਿਚਕਾਰਲਾ ਅੰਤਰ ਹੁੰਦਾ ਹੈ।

ZPD ਸ਼ਬਦਾਂ ਦਾ ਪ੍ਰਯੋਗ ਵਾਈਗੋਸਕੀ ਨੇ ਉਨ੍ਹਾਂ ਕਾਰਜਾਂ ਦੀ ਲੜੀ ਲਈ ਪ੍ਰਯੁਕਤ ਕੀਤਾ ਹੈ ਜਿਹਨਾ ਨੂੰ ਬੱਚਾ ਸੰਪੰਨ ਕਰ ਸਕਦਾ ਹੈ । ZPD ਦੀ ਸਭ ਤੋਂ ਨਿਊਤਮ ਸੀਮਾ ਹੈ- ਬੱਚੇ ਦੇ ਸੁਤੰਤਰ ਰੂਪ ਵਿੱਚ ਕੰਮ ਕਰਦੇ ਸਮੇਂ, ਉਹ ਕੌਂਸਲ ਦੇ ਜਿਸ ਪੱਧਰ ਉੱਤੇ ਪਹੁੰਚਦਾ ਹੈ ਇਸਨੂੰ ਬੱਚੇ ਦੇ ਵਾਸਤਵਿਕ ਵਿਕਾਸ ਦਾ ਪੱਧਰ" (Child's Actual Development Skill) ਵੀ ਕਹਿੰਦੇ ਹਨ ।

ਇਸਦੇ ਉੱਲਟ ZPD ਦੇ ਉੱਚ ਪੱਧਰ ਤੋਂ ਭਾਵ ਹੈ- ਕੌਂਸਲ ਦਾ ਉਹ ਪੱਧਰ, ਜਿਸਨੂੰ ਬੱਚਾ ਕਿਸੇ ਯੋਗ ਅਨੁਦੇਸ਼ਨ ਦੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋਵੇ ।

ਵਾਇਗੋਸਕੀ ਅਨੁਸਾਰ ZPD, ਬੱਚਿਆਂ ਦੇ ਸਿੱਖਣ ਅਤੇ ਗਿਆਨਾਤਮਿਕ ਵਿਕਾਸ ਵਿਚਕਾਰ ਸੰਬੰਧ ਦੀ ਵਿਆਖਿਆ ਕਰਨ ਦਾ ਇੱਕ ਚੰਗਾ ਢੰਗ ਹੈ । ZPD ਤੋਂ ਪਹਿਲਾਂ, ਸਿੱਖਣ ਅਤੇ ਗਿਆਨਾਤਮਿਕ ਵਿਕਾਸ ਦੇ ਸੰਬੰਧ ਨੂੰ ਨਿਮਨਲਿਖਤ ਗੱਲਾਂ ਦੇ ਆਧਾਰ 'ਤੇ ਸਮਝਾਇਆ ਜਾਂਦਾ ਹੈ

(i) ਵਿਕਾਸ ਨਾਲ ਹਮੇਸ਼ਾ ਸਿੱਖਣ ਹੁੰਦਾ ਹੈ । (Development always precedes learning )

(ii) ਸਿੱਖਣ ਤੇ ਵਿਕਾਸ ਨੂੰ ਵੱਖ-ਵੱਖ ਨਹੀਂ ਕੀਤਾ ਜਾ ਸਕਦਾ । ਇਹ ਨਾਲ-ਨਾਲ ਚੱਲਦੇ ਹਨ । ਜਿਵੇਂ ਵਿਵਹਾਰਵਾਦ ਅਨੁਸਾਰ- 'ਸਿੱਖਣ ਵਾਸਤਵ ਵਿੱਚ ਵਿਕਾਸ ਹੁੰਦਾ ਹੈ ।

(iii) ਸਿੱਖਣ ਅਤੇ ਵਿਕਾਸ ਭਿੰਨ ਹੁੰਦੇ ਹਨ ਪਰੰਤੂ ਅੰਤਰਕਿਰਿਆਤਮਿਕ ਪ੍ਰਕਿਰਿਆਵਾਂ ਹੁੰਦੀਆਂ ਹਨ । ਉਦਾਹਰਨ ਲਈ- ਗੈਸਟਾਲਵਾਦ (Gestaltism) ਇੱਕ ਪ੍ਰਕਿਰਿਆ ਦੂਸਰੀ ਪ੍ਰਕਿਰਿਆ ਨੂੰ ਤਿਆਰ ਕਰਦੀ ਹੈ । ਪਰੰਤੂ

ਵਾਈਗੋਸਕੀ ਨੇ ਇਨ੍ਹਾਂ ਤਿੰਨਾਂ ਸਿਧਾਂਤਾਂ ਨੂੰ ਅਸਵੀਕਾਰ ਕੀਤਾ ਹੈ ਕਿਉਂਕਿ ਉਸਦਾ ਵਿਸ਼ਵਾਸ ਹੈ ਕਿ ਸਿੱਖਣ ZPD ਵਿੱਚ ਹਮੇਸ਼ਾ ਵਿਕਾਸ ਵੱਲ ਵੱਧਦਾ ਹੈ । (Learning Proceeds Development)

<u>**ਵਿਆਖਿਆ (Explanation):**</u> ਇਸਦਾ ਭਾਵ ਇਹ ਹੈ ਕਿ ਕਿਸੇ ਵਧੇਰੇ ਸਮਰੱਥ ਵਿਅਕਤੀ ਦੀ ਸਹਾਇਤਾ ਦੁਆਰਾ ਬੱਚਾ ਕੌਂਸਲਾਂ ਜਾਂ ਕੌਂਸਲਾਂ ਦੇ ਕੁਝ ਪੱਖਾਂ ਨੂੰ ਸਿੱਖ ਸਕਦਾ ਹੈ ਅਤੇ ਉਸਦੇ ਵਾਸਤਵਿਕ ਵਿਕਾਸ ਜਾਂ ਪਰਿਪੱਕਤਾ ਦੇ ਪੱਧਰ ਤੋਂ ਵੀ ਵਧੇਰੇ ਅੱਗੇ ਜਾ ਸਕਦਾ ਹੈ। ਇਸ ਲਈ, ਵਿਕਾਸ ਹਮੇਸ਼ਾ ਬੱਚੇ ਦੀ ਸਿੱਖਣ ਸਮਰੱਥਾ ਦਾ ਅਨੁਸ਼ਰਨ ਕਰਦਾ ਹੈ । ਇਸ ਦ੍ਰਿਸ਼ਟੀ ਤੋਂ ZPD, ਗਿਆਨਾਤਮਿਕ ਵਿਕਾਸ ਦਾ ਪਰਿਪੇਖੀ ਦ੍ਰਿਸ਼ (Perspective View) ਪ੍ਰਸਤੁਤ ਕਰਦਾ ਹੈ ।

**ਭਾਸ਼ਾ ਤੇ ਗਿਆਨਾਤਮਿਕ ਵਿਕਾਸ** (Language and Cognitive Development): ਵਾਈਸਕੀ ਅਨੁਸਾਰ, ਭਾਸ਼ਾ ਬੱਚੇ ਦੇ ਗਿਆਨਾਤਮਿਕ ਵਾਧੇ ਲਈ ਆਧਾਰ ਦਾ ਕੰਮ ਕਰਦੀ ਹੈ, ਕਿਉਂਕਿ ਭਾਸਾ ਉਦੇਸ਼ ਤੇ ਇੱਛਾ (Intension) ਪ੍ਰਦਾਨ ਕਰਦੀ ਹੈ ਤਾਂ ਕਿ ਉਹ ਵਿਵਹਾਰ ਚੰਗੀ ਤਰ੍ਹਾਂ ਸਮਝੇ ਜਾ ਸਕਣ ।

ਵਾਣੀ ਦੇ ਪ੍ਰਯੋਗ ਦੁਆਰਾ ਬੱਚੇ, ਦੂਸਰਿਆਂ ਤੋਂ ਸਿੱਖਣ ਲਈ ਸੰਚਾਰ ਸਿੱਖਦੇ ਹਨ। ਅਜਿਹਾ ਉਹ ਸੰਵਾਦਾਂ (Dialogues) ਦੁਆਰਾ ਸਿੱਖਦੇ ਹਨ ਜੋ ਕਿ ZPD ਦਾ ਇੱਕ ਮਹੱਤਵਪੂਰਨ ਯੰਤਰ (Tool) ਹੈ । ਸੰਵਾਦ/ਵਾਰਤਾਲਾਪ ਵਿੱਚ ਬੱਚੇ ਦੇ ਅਣ-ਵਿਵਸਥਿਤ (Unsystematic) ਅਸੰਗਠਿਤ ਤੱਤਕਾਲਿਕ ਸੰਕਲਪ (Disorganised and Spontaneous Concepts), ਕਿਸੇ ਕੁਸ਼ਲ ਸਹਾਇਕ ਤੋਂ ਵਧੇਰੇ ਵਿਵਸਥਿਤ, ਵਧੇਰੇ ਸੰਗਠਿਤ, ਤਕਪੂਰਨ ਸੰਕਲਪ ਮਿਲਦੇ ਹਨ ।

<u>**ਸੱਭਿਆਚਾਰਿਕ ਯੰਤਰ (Cultural Tools)**</u>: ਵਾਈਗੋਸਕੀ ਅਨੁਸਾਰ, ਮਾਨਵ ਉਨ੍ਹਾਂ ਯੰਤਰਾਂ ਉਪਕਰਨਾਂ (Tools) ਦਾ ਪ੍ਰਯੋਗ ਕਰਦੇ ਹਨ ਜੋ ਸਭਿਆਚਾਰ ਦੁਆਰਾ ਵਿਕਸਿਤ ਹੁੰਦੇ ਹਨ, ਜਿਵੇਂ - ਵਾਣੀ (Speech) ਅਤੇ ਲਿਖਤ (Writing) ਇਨ੍ਹਾਂ ਯੰਤਰਾਂ ਦੇ ਪ੍ਰਯੋਗ ਉਹ ਸਮਾਜਿਕ ਵਾਤਾਵਰਨ ਨਾਲ ਮਧਿਅਸਥਤਾ ਜਾਂ ਵਿਚੋਲਗੀ (Mediation) ਕਰਨ ਲਈ ਕਰਦੇ ਹਨ । ਆਰੰਭ ਵਿੱਚ ਬੱਚਾ ਇਨ੍ਹਾਂ ਯੰਤਰਾਂ ਦਾ ਪ੍ਰਯੋਗ ਕੇਵਲ ਸਮਾਜਿਕ ਕਾਰਜਾਂ ਲਈ ਕਰਦਾ ਹੈ ਅਤੇ ਲੋੜਾਂ ਨੂੰ ਸੰਚਾਰ ਕਰਨ ਲਈ ਕਰਦੇ ਹਨ। ਵਾਈਗੋਸਕੀ ਦਾ ਵਿਸ਼ਵਾਸ ਹੈ ਕਿ ਇਹਨਾਂ ਯੰਤਰਾ ਦੇ ਅੰਤਰੀਕਰਨ (Internalization of Tools) ਦੁਆਰਾ ਉੱਚ ਚਿੰਤਨ ਕੌਂਸਲਾਂ ਦਾ ਵਿਕਾਸ ਹੁੰਦਾ ਹੈ ।

ਇਸ ਪ੍ਰਕਾਰ, TPD ਦਾ ਸੰਬੰਧ ਉਸ ਅੰਤਰ ਨਾਲ ਹੁੰਦਾ ਹੈ ਜੋ ਵਿਦਿਆਰਥੀ ਦੀ ਕਿਸੇ ਕਾਰਜ ਨੂੰ ਕਿਸੇ ਕਾਲ ਨਿਰਦੇਸ਼ਨ ਦੇ ਅੰਤਰਗਤ ਸੰਪੰਨ ਕਰਨ ਦੀ ਯੋਗਤਾ ਅਤੇ ਵਿਦਿਆਰਥੀ ਦੀ ਕਿਸੇ ਸਮੱਸਿਆ ਨੂੰ ਸੁਤੰਤਰ ਰੂਪ ਕਰਨ ਦੀ ਯੋਗਤਾ ਦੇ ਵਿਚਕਾਰ ਹੁੰਦਾ ਹੈ । ਵਾਈਗੋਸਕੀ ਅਨੁਸਾਰ ਸਿੱਖਣ ਇਸੇ ਖੇਤਰ (Zone) ਵਿੱਚ ਹੁੰਦਾ ਹੈ । ਬੇਰਿਆ ਨੂੰ ਉਨ੍ਹਾਂ ਦੀ ਯੋਗਤਾ ਤੋਂ ਵਧੇਰੇ ਉਪਲਬਧੀ ਲਈ ਅਧਿਆਪਨ ਕਰਨ ਦਾ ਅਰਥ ਹੁੰਦਾ ਹੈ- ਸਮੇਂ ਨੂੰ ਬਰਬਾਦ ਕਰਨਾ ਉ ਤੱਦ ਤੱਕ ਉਡੀਕ ਕਰਨੀ ਪਵੇਗੀ ਜਦੋਂ ਤੱਕ ਬੱਚਾ ਆਪਣੀ ਵਰਤਮਾਨ ਪ੍ਰਸਥਿਤੀ ਵਿਚ ਪਰਿਪੱਕ ਨਹੀਂ ਹੋ ਜਾਂਦਾ ਉਨ੍ਹਾਂ ਕੰਮਾਂ ਦੀ ਲੜੀ ਹੁੰਦੀ ਹੈ ਜਿਹਨਾਂ ਨੂੰ ਕੋਈ ਸੁਤੰਤਰ ਰੂਪ ਵਿੱਚ ਸੰਪਨ ਨਹੀਂ ਕਰ ਸਕਦਾ, ਪਤ ਵਧੇਰੇ ਯੋਗ

ਵਿਆਖਰੀ ਦੀ ਸਹਾਇਤਾ ਨਾਲ ਕਰ ਸਕਦਾ ਹੈ। ਕਿਉਂਕਿ ਬੱਚਾ ਹਮੇਸਾ ਨਵੀਂ ਗੱਲ ਸਿੱਖਦਾ ਹੈ। ਇਸ ਲਈ (1) ਵਿੱਚ ਕੌਂਸਲ ਅਰਜਿਤ ਕਰਨ ਦੇ ਕਾਰਨ ਪਰਿਵਰਤਨ ਆਉਂਦਾ ਹੈ। ਵਾਈਸਕੀ ਦੇ ਸਿਧਾਂਤ ਅਨੁਸਾਰ, ਬੱਚੇ ਕਿਸੇ

ਸ਼ਾਇਆ ਦੇ ਵਧੇਰੇ ਅਨੁਭਵੀ ਵਿਅਕਤੀ ਦੇ ਨਿਰਦੇਸ਼ਨ ਜਾਂ ਮਾਰਗਦਰਸ਼ਨ ਵਿੱਚ ਵਧੇਰੇ ਕੰਮ ਕਰ ਸਕਦੇ ਹਨ।

9 **ਸੰਕੇਤ ਤੇ ਭਾਸ਼ਾ (Symbols and Language)** ਵਾਈਸਕੀ ਨੇ ਜਿੰਨ੍ਹਾ ਸੰਕੇਤਾ (loolka Symbols) ਦੀ ਭੂਮਿਕਾ ਪਰਿਭਾਸ਼ਿਤ ਕਰਦੇ ਹੋਏ ਕਿਹਾ ਹੈ ਕਿ ਇਹ ਅੰਦਰ ਵੱਲ ਕੇਂਦਰਿਤ ਹੁੰਦੇ ਹਨ ਅਤੇ ਇਹ ਸਵੇਰ ਆਚਰਨ ਵਿੱਚ, ਸਵੈ-ਨਿਯਮਨ ਨਾਲ ਜੁੜੇ ਹੁੰਦੇ ਹਨ। (Signs and Symbols are oriented inward towards the self-regulation of conduct itself) ਚਿੰਨ੍ਹਾਂ ਦੀਆਂ ਉਦਾਹਰਨਾਂ ਹਨ- ਭਾਸ਼ਾ, ਲੇਖਕ (Writing), ਗਿਣਨ ਦੀਆਂ ਵਿਭਿੰਨ ਪ੍ਰਣਾਲੀਆਂ, ਗਣਿਤ ਦੀ ਚਿੰਨ੍ਹ ਪ੍ਰਣਾਲੀ, ਕਲਾ ਦੇ ਕੰਮ, ਸਕੀਮਾਂ, ਚਿੱਤਰ, ਮਾਨਚਿੱਤਰ ਯੰਤਰਿਕ ਡ੍ਰਾਇੰਗ ਆਦਿ। ਵਾਈ ਸਕੀ ਅਨੁਸਾਰ ਭਾਸ਼ਾ ਇੱਕ ਚਿੰਨ੍ਹ ਹੈ ਅਤੇ ਇਸਨੂੰ ਮਨੋਵਿਗਿਆਨਿਕ ਉਪਕਰਨ (Psychological

Tool) ਮੰਨਿਆ ਜਾਂਦਾ ਹੈ। ਚਿੰਤਨ ਨੂੰ ਸੰਠਿਤ ਕਰਨ ਲਈ, ਮਾਨਵਜਾਤੀ ਦੁਆਰਾ ਬਣਾਇਆ ਗਿਆ ਇਹ ਇੱਕ ਮੁੱਖ ਉਪਰਕਨ ਹੈ। ਭਾਸ਼ਾ ਵਿੱਚ ਉਹ ਸਾਰੇ ਸੰਕਲਪ ਸ਼ਾਮਿਲ ਹੁੰਦੇ ਹਨ ਜੋ ਮਾਨਵਜਾਤੀ ਦੇ ਅਨੁਭਵਾਂ ਤੇ ਗਿਆਨ ਨਾਲ ਸੰਬੰਧ ਰੱਖਦੇ ਹਨ। ਵਾਈਸਕੀ ਅਨੁਸਾਰ, ਇੱਕ ਛੋਟਾ ਬੱਚਾ, ਚਿੰਨ੍ਹਾਂ ਦੇ ਅਰਥਾਂ ਨੂੰ ਆਪਣੇ ਪਾਲਣ-ਪੋਸ਼ਣ ਕਰਨ ਵਾਲਿਆਂ ਦੇ ਨਾਲ ਰਹਿ ਕੇ, ਅੰਤਰਕਿਰਿਆ ਦੁਆਰਾ ਸਿਖਦਾ ਹੈ, ਜਿਵੇਂ- ਸੰਕੇਤ ਕਰਨਾ (Pointing), ਰੋਣਾ ਤੇ ਚੀਕਣਾ ਆਦਿ। ਇਨ੍ਹਾਂ ਦੁਆਰਾ ਉਹ ਆਪਣੀਆਂ ਲੋੜਾਂ ਦਾ ਪ੍ਰਗਟਾਅ ਕਰਦਾ ਹੈ। ਇਸ ਕਿਰਿਆ ਦੁਆਰਾ ਉਹ ਸ਼ਾਬਦਿਕ ਧੁਨੀਆਂ ਨੂੰ ਸਮਾਜਿਕ ਅੰਤਰ-ਕਿਰਿਆ ਦਾ ਸੰਚਾਲਨ ਕਰਨਾ ਸਿਖਦਾ ਹੈ। ਇਸ ਨਾਲ ਬੱਚਾ ਵਸਤਾਂ ਦੇ ਨਾਵਾਂ ਨੂੰ ਸ਼ਾਬਦਿਕ ਰੂਪ ਵਿੱਚ ਵਿਕਸਿਤ ਕਰਨਾ ਸਿੱਖਦਾ ਹੈ।

ਉਪਕਰਨ (Tool) ਦੇ ਰੂਪ ਵਿੱਚ ਭਾਸ਼ਾ ਬੱਚੇ ਵਿੱਚ ਬਾਹਰ ਤੋਂ ਸਮਾਜਿਕ ਅੰਤਰ ਕਿਰਿਆ ਲਈ ਵਿਕਸਿਤ ਹੁੰਦੀ ਹੈ। ਬੱਚਾ ਆਪਣੇ ਵਿਅਕਤੀਗਤ ਵਿਵਹਾਰ ਮਾਰਗਦਰਸ਼ਨ ਲਈ, ਇਸ ਉਪਕਰਨ ਦਾ ਪ੍ਰਯੋਗ ਸਵੈ-ਵਾਰਤਾ ਦੇ ਰੂਪ ਵਿੱਚ ਕਰਦਾ ਹੈ ਜਾ 'ਉੱਚੀ ਆਵਾਜ਼ ਵਿੱਚ ਚਿੰਤਨ" (Thinking out loud) ਦੇ ਰੂਪ ਵਿੱਚ ਕਰਦਾ ਹੈ। ਆਰੰਭ ਵਿੱਚ ਤਾਂ ਸਵੈ-ਕਾਰਤਾ ਸਮਾਜਿਕ ਅੰਤਰਕਿਰਿਆ ਦਾ ਇੱਕ ਚੰਗਾ ਉਪਕਰਨ ਹੁੰਦਾ ਹੈ ਪਰੰਤੂ ਜਦੋਂ ਬੱਚਾ ਇਕੱਲਾ ਹੁੰਦਾ ਹੈ ਜਾਂ ਪੀਲੇ ਬੱਚਿਆਂ ਨਾਲ ਇਸ ਉਪਕਰਨ ਦਾ ਪੱਧਰ ਕੁਝ ਘੱਟ ਹੋ ਜਾਂਦਾ ਹੈ। ਹੌਲੀ-ਹੌਲੀ ਸਵੈ-ਵਾਰਤਾ ਦਾ ਪ੍ਰਯੋਗ, ਸਵੈ-ਨਿਰਦੇਸ਼ਿਤ ਵਿਵਹਾਰ ਅਤੇ ਉਸਦੇ ਸਵੈ-ਨਿਯਮਨ ਲਈ ਕੀਤਾ ਜਾਣ ਲੱਗਦਾ ਹੈ। ਵਾਣੀ (Speeking) ਨੂੰ ਸਹੀ ਕੀਤੇ ਜਾਣ ਕਾਰਨ, ਅਤੇ ਉਸਦੇ ਅੰਤਰੀਕਰਨ ਕਾਰਨ, ਸਕੂਲ ਜਾਣ ਦੀ ਅਵੱਸਥਾ ਵਿੱਚ ਸਵੈ-ਵਾਰਤਾ (Self-Talk) ਸਮਾਪਤ ਹੋਣ ਲੱਗਦੀ ਹੈ। ਅੰਤ ਵਿੱਚ ਇਹ ਸਵੈ-ਦਾਰਤਾ, ਆਂਤਰਿਕ-ਬਾਣੀ (Inner Speech) ਬਣ ਜਾਂਦੀ ਹੈ। ਆਂਤਰਿਕ ਵਾਣੀ ਦਾ ਵਿਕਾਸ ਸਮਾਜਿਕ ਛਾਣੀ ਵਿੱਚ ਵਿਭੇਦੀਕਰਨ ਹੋ ਜਾਣ 'ਤੇ ਹੀ ਹੁੰਦਾ ਹੈ।

10. **ਪਿਆਜ਼ੇ ਦੇ ਵਿਰੋਧੀ ਸਿਧਾਂਤ (Theory incontrast with Piaget)** ਲੋਕ ਵਾਈਗੋਸਕੀ, ਪਿਆਜੇ ਦੀ ਇਸ ਧਾਰਨਾ ਦਾ ਫੱਟੜ ਆਲੋਚਕ ਸੀ ਕਿ ਵਿਕਾਸ ਤੇ ਵਾਧਾ, ਅਨੁਭਵ ਤੋਂ ਸੁਤੰਤਰ ਹੈ ਅਤੇ ਅਵੱਸਥਾਵਾਂ (Stages) ਦੀ ਸਰਦਵਿਆਪਿਕ ਵਿਸ਼ੇਸ਼ਤਾ ਜਾਂ ਲੱਛਣ ਉੱਤੇ ਆਧਾਰਿਤ ਹੈ । ਵਾਈਸਕੀ ਦਾ ਵਿਸ਼ਵਾਸ ਸੀ ਕਿ ਲੱਛਣ ਜਾਂ ਵਿਸ਼ੇਸ਼ਤਾਵਾਂ ਇੱਕ ਬਿੰਦੂ 'ਤੇ ਰੁਕ ਜਾਂ ਖ਼ਤਮ ਨਹੀਂ ਹੋ ਜਾਂਦੇ, ਜਿਵੇਂ ਕਿ ਪਿਆਜੇ ਨੇ ਕਿਹਾ ਹੈ । ਜਦੋਂ ਇੱਕ ਚੀਜ਼ ਸਿੱਖ ਲਈ ਜਾਂਦੀ ਹੈ ਤਾਂ ਉਹ ਉਸ ਸਮੇਂ ਤੋਂ ਅੱਗੇ ਲਈ ਦੀ ਪ੍ਰਯੋਗ ਵਿੱਚ ਲਿਆਂਦੀ ਜਾਂਦੀ ਹੈ । ਇਹ ਸਿਰਫ਼ ਇਸ ਲਈ ਨਹੀਂ ਰੋਕ ਜਾਂਦੀ ਕਿ ਬੱਚਾ ਵਿਕਾਸ ਦੀ ਕਿਸੇ ਹੋਰ ਅਵੱਸਥਾ ਵਿੱਚ ਪ੍ਰਵੇਸ਼ ਹੋ ਗਿਆ ਹੈ । ਹਰੇਕ ਚੀਜ਼ ਪ੍ਰਗਤੀਸ਼ੀਲ ਹੈ ਵਾਈਗੋਸਕੀ, ਪਿਆਜ਼ੇ ਦੀ ਇਸ ਧਾਰਨਾ ਦਾ ਵੀ ਵਿਰੋਧੀ ਸੀ ਕਿ ਵਿਕਾਸ ਨੂੰ ਨਿਰਦੇਸ਼ਾਂ (Instructions) ਜਾਂ ਸਿੱਖਿਆ ਨਾਲ ਘੱਟ ਜਾਂ ਵੱਧ ਤੇਜ਼ ਕੀਤਾ ਜਾ ਸਕਦਾ ਹੈ। ਉਸ ਦਾ ਵਿਚਾਰ ਸੀ ਕਿ ਬੌਧਿਕ ਵਿਕਾਸ ਬਿਨਾਂ ਕਿਸੇ ਅੰਤਿਮ ਬਿੰਦੂ ਦੇ, ਲਗਾਤਾਰ ਹੁੰਦਾ ਰਹਿੰਦਾ ਹੈ ਅਤੇ ਪਿਆਜੇ ਦੇ ਸਿਧਾਤ ਵਾਂਗ ਇਸਨੂੰ ਅਵੱਸਥਾਵਾਂ ਵਿੱਚ ਸੰਪੂਰਨ ਨਹੀਂ ਕੀਤਾ ਜਾ ਸਕਦਾ । ਪਿਆਜੇ ਦੀਆਂ ਅਵੱਸਥਾਵਾਂ 15 ਸਾਲਾ ਤੱਕ ਪਹੁੰਚ ਕੇ, ਲਗਭਗ ਖਤਮ ਹੋ ਜਾਂਦੀਆਂ ਹਨ।

ਵਾਈਗੋਸਕੀ ਦੇ ਸਿਧਾਂਤ ਵਿੱਚ ਇੱਕ ਹੋਰ ਗੱਲ ਦੇਖਣ ਨੂੰ ਮਿਲਦੀ ਹੈ । ਪਿਆਜੇ ਦੇ ਸਿਧਾਂਤ ਨੂੰ ਅਸਮਰੱਥ ਤੇ ਅੰਗਹੀਣ ਬੱਚਿਆਂ ਉਪਰ ਲਾਗੂ ਨਹੀਂ ਕੀਤਾ ਜਾ ਸਕਦਾ ।

ਉਹ ਬੱਚੇ ਜੋ ਸਵੈ-ਮਗਨਤਾ (Autism) ਜਾਂ ਦਿਮਾਗੀ ਖਰਾਬੀ (Brain Dysfunctions) ਦਾ ਦੁੱਖ ਭੋਗ ਰਹੇ ਹਨ, ਪਿਆਜੇ ਦੀਆਂ ਵਿਕਾਸ ਅਵੱਸਥਾਵਾਂ ਵਿੱਚੋਂ ਲੰਘਣ ਦੇ ਯੋਗ ਨਹੀਂ ਹਨ ।

ਇਸ ਪ੍ਰਕਾਰ ਵਾਈਗੋਸਕੀ ਨੇ ਬੱਚੇ ਦੀ ਭਾਸ਼ਾ ਗ੍ਰਹਿਣ ਬਾਰੇ ਕਈ ਨਵੇਂ ਸੰਕਲਪ ਤੇ ਸਿਧਾਤ ਦਿੱਤੇ ਹਨ। ਉਸ ਅਨੁਸਾਰ ਭਾਸ਼ਾ ਇੱਕ ਯੰਤਰ ਜਾਂ ਉਪਕਰਨ ਹੈ ਜੋ ਚਿੰਤਨ ਨੂੰ ਸੰਭਵ ਬਣਾਉਂਦੀ ਹੈ । ਭਾਸ਼ਾ ਵਿਕਾਸ ਨਿਰੰਤਰ ਜਾਰੀ ਰਹਿੰਦਾ ਹੈ ਤੇ ਇਸਨੂੰ ਵਿਕਾਸ ਅਵੱਸਥਾਵਾਂ ਨਾਲ ਨਹੀਂ ਬੰਨ੍ਹਿਆ ਜਾ ਸਕਦਾ । ਭਾਸ਼ਾ ਦਾ ਵਿਕਾਸ, ਸੰਚਾਰ ਤੇ ਮੰਤਵ ਲਈ, ਸਮਾਜਿਕ ਅੰਤਰਕਿਰਿਆ ਤੋਂ ਹੁੰਦਾ ਹੈ । ਪਿੱਛੋਂ ਭਾਸ ਯੋਗਤਾ ਅੱਤਰੀਕਰਨ ਦੁਆਰਾ ਚਿੰਤਨ ਤੇ "ਅੰਤਰਿਕ ਵਾਣੀ ਬਣ ਜਾਦੀ ਹੈ । ਚਿੰਤਨ ਜਾਂ ਵਿਚਾਰ ਭਾਸ਼ਾ ਦਾ ਨਤੀਜਾ ਹਨ । ਦੂਸਰੇ ਸਬਦਾਂ ਵਿੱਚ ਅੰਤਰਕਿਰਿਆਵਾਂ, ਭਾਸ਼ਾ ਪ੍ਰਯੋਗ ਨੂੰ ਨਿਰਧਾਰਿਤ ਕਰਦੀਆਂ ਹਨ।